**ਮੈਰੀਟੋਰੀਅਸ ਸਕੂਲਾਂ ਵਿਚ ਦਾਖਲੇ ਲਈ ਆਨਲਾਈਨ ਅਪਲਾਈ ਕਰਨ ਸਬੰਧੀ ਦਿਸ਼ਾ ਨਿਰਦੇਸ਼।**

1) ਵਿਦਿਆਰਥੀ ਜਿਨ੍ਹਾਂ ਨੇ ਦਸਵੀਂ ਦੀ ਪ੍ਰੀਖਿਆ ਮਾਰਚ 2018 ਵਿਚ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਪਾਸ ਕੀਤੀ ਹੋਵੇ ਅਤੇ ਆਪਣੀ ਪੜ੍ਹਾਈ ਕਿਸੇ ਸਰਕਾਰੀ ਸਕੂਲ, ਦਸ਼ਮੇਸ਼ ਸੀਨੀਅਰ ਸੈਕੰਡਰੀ ਸਕੂਲ-ਬਾਦਲ, ਦਸ਼ਮੇਸ਼ ਸੀਨੀਅਰ ਸੈਕੰਡਰੀ ਸਕੂਲ - ਤਲਵੰਡੀ ਸਾਬੋ, ਦਸ਼ਮੇਸ਼ ਸੀਨੀਅਰ ਸੈਕੰਡਰੀ ਸਕੂਲ- ਕੋਟਲਾ ਸੁਲਤਾ, ਪੰਜਾਬ ਸਕੂਲ ਸਿੱਖਿਆ ਬੋਰਡ ਦੇ ਆਦਰਸ਼ ਸਕੂਲ, ਪੀ.ਈ.ਡੀ.ਬੀ., ਪੀ.ਪੀ.ਪੀ. ਅਤੇ ਆਰ.ਐਮ.ਐਸ.ਏ. ਤੋਂ ਕੀਤੀ ਹੋਵੇ।
2) ਅਪਲਾਈ ਕਰਨ ਲਈ ਵਿਦਿਆਰਥੀ www.ssapunjab.org ਵੈਬਸਾਈਟ ਉੱਤੇ ਜਾਵੇਗਾ ਅਤੇ ਵੈਬਸਾਈਟ ਉੱਤੇ ਦਿੱਤੇ ਲਿੰਕ Meritorioius Schools Admission 2018-19 ਉੱਤੇ ਕਲਿੱਕ ਕਰੇਗਾ।
3) ਇਸ ਵੈਬਸਾਈਟ ਉੱਤੇ ਵਿਦਿਆਰਥੀ ਵਲੋਂ ਸਭ ਤੋਂ ਪਹਿਲਾਂ Proceed ਦੇ ਬਟਨ ਉੱਤੇ ਕਲਿਕ ਕੀਤਾ ਜਾਵੇਗਾ।
4) ਇਸ ਉਪਰੰਤ ਵਿਦਿਆਰਥੀ ਵਲੋਂ ਵੈਬਸਾਈਟ ਉੱਤੇ ਆਪਣਾ 10ਵੀਂ ਜਮਾਤ ਦਾ ਰੋਲ ਨੰਬਰ, ਜਨਮ ਦੀ ਮਿਤੀ ਅਤੇ ਕੋਈ ਵੀ ਮੋਬਾਇਲ ਨੰਬਰ, ਜਿਸ ਉੱਤੇ ਉਸ ਨਾਲ ਸੰਪਰਕ ਕੀਤਾ ਜਾ ਸਕਦਾ ਹੋਵੇ, ਭਰਿਆ ਜਾਵੇਗਾ। ਰਜਿਸਟ੍ਰੇਸ਼ਨ ਸਮੇਂ ਵਿਦਿਆਰਥੀ ਕੋਲ ਇਹ ਮੋਬਾਇਲ ਹੋਣਾ ਲਾਜਮੀ ਹੈ ਕਿਉਂ ਕਿ ਰਜਿਸਟਰ ਹੋਣ ਲਈ ਕੰਪਿਊਟਰ ਵਲੋਂ ਇਸ ਮੋਬਾਇਲ ਨੰਬਰ ਉੱਤੇ ਇੱਕ ਕੋਡ ਭੇਜਿਆ ਜਾਵੇਗਾ ਜਿਸ ਨੂੰ ਭਰ ਕੇ ਵਿਦਿਆਰਥੀ ਰਜਿਸਟ੍ਰੇਸ਼ਨ ਫਾਰਮ ਭਰ ਸਕੇਗਾ।
5) ਮੋਬਾਇਲ ਉੱਤੇ ਆਏ ਕੋਡ ਨੂੰ ਭਰਨ ਉਪਰੰਤ ਵਿਦਿਆਰਥੀ ਵੈਬਸਾਈਟ ਵਿਚ ਐਂਟਰ ਕਰ ਜਾਵੇਗਾ ਅਤੇ ਵਿਦਿਆਰਥੀ ਨੂੰ ਉਸ ਨਾਲ ਸਬੰਧਤ ਜਾਣਕਾਰੀ (ਜੋ ਵਿਦਿਆਰਥੀ ਵਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ 10ਵੀਂ ਦੇ ਫਾਰਮ ਵਿਚ ਭਰੀ ਗਈ ਸੀ) ਦਿਖਾਈ ਜਾਵੇਗੀ।
6) ਵਿਦਿਆਰਥੀ ਵਲੋਂ ਆਪਣਾ ਜਾਂ ਆਪਣੇ ਮਾਤਾ-ਪਿਤਾ ਦੇ ਬੈਂਕ ਦੀ ਜਾਣਕਾਰੀ (ਜਿਵੇਂ ਕਿ IFSC Code, Bank Account Number) ਭਰੀ ਜਾਵੇਗੀ। ਇਹ ਜਾਣਕਾਰੀ ਭਰਨੀ ਲਾਜਮੀ ਹੈ ਕਿਉਂ ਕਿ ਜੇਕਰ ਵਿਭਾਗ ਵਲੋਂ ਕਿਸੇ ਕਾਰਨ ਵਿਦਿਆਰਥੀ ਦੀ ਫੀਸ ਵਾਪਿਸ ਕਰਨੀ ਪਈ ਤਾਂ ਇਹ ਫੀਸ ਇਸੀ ਖਾਤੇ ਵਿਚ ਵਾਪਿਸ ਭੇਜੀ ਜਾਵੇਗੀ।
7) ਉਪਰੋਕਤ ਦਰਸਾਈ ਜਾਣਕਾਰੀ ਭਰਨ ਉਪਰੰਤ ਵਿਦਿਆਰਥੀ ਵਲੋਂ Save ਬਟਨ ਉੱਤੇ ਕਲਿੱਕ ਕੀਤਾ ਜਾਵੇਗਾ। ਇਸ ਬਟਨ ਦੇ ਕਲਿੱਕ ਨਾਲ ਵਿਦਿਆਰਥੀ ਦੀ ਸਹਿਮਤੀ ਦਾਖਲੇ ਲਈ ਦਰਜ ਹੋ ਜਾਵੇਗਾ।
8) ਅੰਤ ਵਿਚ ਵਿਦਿਆਰਥੀ ਵਲੋਂ Make Payment ਦੇ ਬਟਨ ਉੱਤੇ ਕਲਿੱਕ ਕਰਕੇ 200/- ਰੁਪਏ ਦੀ ਫੀਸ ਆਨ-ਲਾਈਨ ਭਰੀ ਜਾਵੇਗੀ।
9) ਆਨ-ਲਾਈਨ ਫੀਸ ਭਰਨ ਸਬੰਧੀ ਮੁਕੰਮਲ ਜਾਣਕਾਰੀ ਹੇਠਾਂ ਦਰਜ ਹੈ।
10) ਫੀਸ ਜਮ੍ਹਾਂ ਕਰਵਾਉਣ ਉਪਰੰਤ ਵਿਦਿਆਰਥੀ ਵਲੋਂ ਆਨਲਾਈਨ ਇਹ ਦੱਸਿਆ ਜਾਵੇਗਾ ਕਿ ਉਸ ਨੇ ਕਿਸ ਜਿਲ੍ਹੇ ਵਿਚ ਪ੍ਰੀਖਿਆ ਦੇਣੀ ਹੈ ਅਤੇ ਕਿਸ ਜਿਲ੍ਹੇ ਵਿਚ ਕਾਊਂਸਲਿੰਗ ਕਰਵਾਉਣੀ ਹੈ।
11) ਵਿਦਿਆਰਥੀ ਪ੍ਰੀਖਿਆ ਲਈ ਆਪਣੇ Admit Card 1 ਮਈ, 2018 ਤੋਂ ਇਸੀ ਵੈਬਸਾਈਟ ਰਾਹੀਂ ਡਾਊਨਲੋਡ ਕਰ ਸਕਦੇ ਹਨ।

DM (MKS)

OSD T. DGSE